# ਬ੍ਰੈਂਪਟਨ ਵਿੱਚ 2019 ਛੁੱਟੀਆਂ ਦਾ ਸੀਜਨ

ਬ੍ਰੈਂਪਟਨ, ਓਨਟੈਰੀਓ (16 ਦਸਬੰਰ, 2019) – ਆਗਾਮੀ ਛੁੱਟੀਆਂ ਦੇ ਸੀਜਨ ਦੇ ਦੌਰਾਨ, ਸਿਟੀ ਹਾਲ (City Hall) ਸਮੇਤ, ਸਿਟੀ ਆਫ ਬ੍ਰੈਂਪਟਨ (City of Brampton) ਦੇ ਕਈ ਆਫਿਸ ਮੰਗਲਵਾਰ, 24 ਦਸੰਬਰ, 2019 ਨੂੰ ਦੁਪਹਿਰ 12 ਵਜੇ ਤੋਂ ਜਨਤਾ ਲਈ ਬੰਦ ਹੋ ਜਾਣਗੇ ਅਤੇ ਵੀਰਵਾਰ, 2 ਜਨਵਰੀ 2020 ਨੂੰ ਸਵੇਰੇ 8:30 ਵਜੇ ਦੁਬਾਰਾ ਖੁੱਲ੍ਹਣਗੇ।

ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਭਰ ਸਕਣਗੇ, ਅਤੇ ਬਿਲਡਿੰਗ ਪਰਮਿਟ ਲਈ ਦਰਖਾਸਤ ਨਹੀਂ ਦੇ ਸਕਣਗੇ। ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਹਨਾਂ ਵਿੱਚ ਸ਼ਾਮਲ ਹਨ: ਫਾਇਰ ਅਤੇ ਐਮਰਜੈਂਸੀ (ਅੱਗ ਅਤੇ ਸੰਕਟਕਾਲ) ਸੇਵਾਵਾਂ ਅਤੇ ਸਿਟੀ ਆਫ ਬ੍ਰੈਂਪਟਨ ਬਾਇ-ਲਾਅ ਐਨਫੋਰਸਮੈਂਟ (ਉਪ-ਕਾਨੂੰਨ ਲਾਗੂਕਰਣ)।

ਛੁੱਟੀਆਂ ਦੇ ਸੀਜਨ ਦੇ ਦੌਰਾਨ ਕੂੜੇ ਸਬੰਧੀ ਕੋਈ ਛੋਟ ਨਹੀਂ ਹੈ। ਨਿਵਾਸੀ ਹੋਰ ਜਾਣਨ ਲਈ ਆਪਣੇ ਕਲੈਕਸ਼ਨ ਕੈਲੰਡਰ ਦੇਖ ਸਕਦੇ ਹਨ ਜਾਂ www.peelregion.ca/waste ਤੇ ਜਾ ਸਕਦੇ ਹਨ।

ਨਿਵਾਸੀਆਂ ਨੂੰ ਯਾਦ ਕਰਵਾਇਆ ਜਾਂਦਾ ਹੈ ਕਿ ਭਾਵੇਂ ਉਹਨਾਂ ਨੇ ਪਾਰਕਿੰਗ ਵਿਚਾਰ ਸੁਰੱਖਿਅਤ ਕੀਤਾ ਹੋਇਆ ਹੈ, ਫਿਰ ਵੀ ਬਰਫ਼ ਪੈਣ ਦੀ ਸਥਿਤੀ ਵਿੱਚ ਇਹ ਰੱਦ ਹੋ ਜਾਵੇਗਾ। ਹੋਰ ਜਾਣਕਾਰੀ ਲਈ www.brampton.ca ਤੇ ਜਾਓ।

ਨਿਵਾਸੀ ਕਿਸੇ ਵੀ ਸਵਾਲਾਂ ਲਈ 311 ਜਾਂ 905.874.2000 (ਬ੍ਰੈਂਪਟਨ ਤੋਂ ਬਾਹਰ) ਤੇ ਫੋਨ ਕਰ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ ਪਾਰਕਿੰਗ, ਕੂੜਾ ਇਕੱਤਰੀਕਰਨ, ਰੇਕ੍ਰੀਏਸ਼ਨ ਪ੍ਰੋਗਰਾਮਾਂ ਸਮੇਤ, ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ 24/7 ਉਪਲਬਧ ਹਾਂ।

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ ਛੁੱਟੀਆਂ ਦੇ ਸੀਜਨ ਲਈ ਇਹਨਾਂ ਰੂਟਾਂ ਤੇ ਚੱਲੇਗੀ:

- ਮੰਗਲਵਾਰ, 24 ਦਸਬੰਰ, 2019: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
- ਬੁੱਧਵਾਰ, 25 ਦਸਬੰਰ, 2019: ਐਤਵਾਰ/ਛੁੱਟੀ ਵਾਲੇ ਦਿਨ ਵਾਲੀ ਸੇਵਾ
- ਵੀਰਵਾਰ, 26 ਦਸਬੰਰ, 2019: ਸ਼ਨੀਵਾਰ ਵਾਲੀ ਸੇਵਾ
- ਸ਼ੁੱਕਰਵਾਰ, 27 ਦਸਬੰਰ, 2019: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
- ਸ਼ਨੀਵਾਰ, 28 ਦਸਬੰਰ, 2019: ਸ਼ਨੀਵਾਰ ਵਾਲੀ ਸੇਵਾ
- ਐਤਵਾਰ, 29 ਦਸਬੰਰ, 2019: ਐਤਵਾਰ/ਛੁੱਟੀ ਵਾਲੇ ਦਿਨ ਵਾਲੀ ਸੇਵਾ
- ਸੋਮਵਾਰ, 30 ਦਸਬੰਰ, 2019: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
- ਮੰਗਲਵਾਰ, 31 ਦਸਬੰਰ, 2019: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
  *ਕੁਝ ਰੂਟਾਂ ਤੇ ਵਧੀ ਹੋਈ ਸੇਵਾ ਹੋਵੇਗੀ ਅਤੇ ਸਾਰੇ ਰੂਟਾਂ ਤੇ ਨਵੇਂ ਸਾਲ ਦੀ ਸ਼ਾਮ ਦੀ ਮੁਫ਼ਤ ਸੇਵਾ, ਸ਼ਾਮ 7 ਵਜੇ ਸ਼ੁਰੂ ਹੋਵੇਗੀ।*
- ਬੁੱਧਵਾਰ, 1 ਜਨਵਰੀ, 2020: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
- ਵੀਰਵਾਰ, 2 ਜਨਵਰੀ, 2020: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
- ਸ਼ੁੱਕਰਵਾਰ, 3 ਜਨਵਰੀ, 2020: ਘਟਾਈ ਹੋਈ ਕਾਰਜਦਿਨ ਵਾਲੀ ਸੇਵਾ
- ਸ਼ਨੀਵਾਰ, 4 ਜਨਵਰੀ, 2020: ਸ਼ਨੀਵਾਰ ਵਾਲੀ ਸੇਵਾ

- ਐਤਵਾਰ, 5 ਜਨਵਰੀ, 2020: ਐਤਵਾਰ/ਛੁੱਟੀ ਵਾਲੇ ਦਿਨ ਵਾਲੀ ਸੇਵਾ

ਧਿਆਨ ਦਿਓ:

- 199 ਯੂ.ਟੀ.ਐਮ. ਐਕਸਪ੍ਰੈਸ (199 UTM Express) ਅਤੇ ਸਕੂਲ ਦੇ ਰੂਟ (200 ਸੀਰੀਜ਼) 6 ਜਨਵਰੀ ਨੂੰ ਦੁਬਾਰਾ ਸ਼ੁਰੂ ਹੋਣਗੇ
- ਰੂਟ ਅਤੇ ਪੂਰੀ ਸਮਾਂ ਸੂਚੀ ਬਾਰੇ ਜਾਣਕਾਰੀ ਲਈ, 905.874.2999 ਤੇ ਫੋਨ ਕਰੋ ਜਾਂ www.bramptontransit.com ਤੇ ਜਾਓ।
- ਅਗਲੀ ਬੱਸ ਬਾਰੇ ਅਸਲ ਸਮੇਂ ਦੀ ਜਾਣਕਾਰੀ ਲਈ, ਆਪਣੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਰਾਹੀਂ nextride.brampton.ca ਤੇ ਜਾਓ। ਟ੍ਰਿਪ ਪਲਾਨਿੰਗ ਦੇ ਹੋਰ ਟੂਲਾਂ ਲਈ, www.triplinx.ca ਤੇ ਜਾਂ Google Maps (ਗੂਗਲ ਮੈਪਸ) ਤੇ ਜਾਓ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ (ਚਿੰਗਕੂਜ਼ੀ ਬ੍ਰਾਂਚ (Chinguacousy Branch), ਸਿਰਿਲ ਕਲਾਰਕ ਬ੍ਰਾਂਚ (Cyril Clark Branch), ਫੋਰ ਕੋਰਨਰਸ ਬ੍ਰਾਂਚ (Four Corners Branch), ਗੋਰ ਮੇਡੋਜ਼ ਬ੍ਰਾਂਚ (Gore Meadows Branch), ਮਾਊਂਟ ਪਲੈਜ਼ੈਂਟ ਵਿਲੇਜ ਬ੍ਰਾਂਚ (Mount Pleasant Village Branch), ਸਾਊਥ ਫਲੈਚਰਸ ਬ੍ਰਾਂਚ (South Fletcher's Branch) ਅਤੇ ਸਪ੍ਰਿੰਗਡੇਲ ਬ੍ਰਾਂਚ (Springdale Branch)) ਬੰਦ ਰਹਿਣਗੀਆਂ:

- ਮੰਗਲਵਾਰ, 24 ਦਸਬੰਰ, 2019
- ਬੁੱਧਵਾਰ, 25 ਦਸੰਬਰ, 2019
- ਵੀਰਵਾਰ, 26 ਦਸੰਬਰ, 2019
- ਮੰਗਲਵਾਰ, 31 ਦਸੰਬਰ, 2019
- ਬੁੱਧਵਾਰ, 1 ਜਨਵਰੀ, 2020

ਹੋਰ ਜਾਣਕਾਰੀ ਲਈ, (905) 793-4636 ਤੇ ਜਾਂ 311 ਤੇ ਫੋਨ ਕਰੋ ਜਾਂ www.bramptonlibrary.ca ਤੇ ਜਾਓ।

**ਬ੍ਰੈਂਪਟਨ ਰੇਕ੍ਰੀਏਸ਼ਨ**

*ਆਉਟਡੋਰ ਸਕੇਟਿੰਗ ਰਿੰਕਸ*

ਆਉਟਡੋਰ ਆਈਸ ਸਕੇਟਿੰਗ ਰਿੰਕ ਦਾ ਖੁੱਲ੍ਹਣਾ ਮੌਸਮ ਤੇ ਨਿਰਭਰ ਕਰਦਾ ਹੈ। ਆਈਸ ਬਣਨ ਅਤੇ ਇਸਨੂੰ ਕਾਇਮ ਰੱਖਣ ਵਾਸਤੇ ਵਧੀ ਹੋਈ ਮਿਆਦ ਤੱਕ, ਤਾਪਮਾਨ ਫ੍ਰੀਜ਼ਿੰਗ (ਬਹੁਤ ਜ਼ਿਆਦਾ ਠੰਡਾ) ਪੱਧਰ ਤੋਂ ਘੱਟ ਰਹਿਣ ਦੀ ਲੋੜ ਹੁੰਦੀ ਹੈ। 16 ਦਸੰਬਰ ਤੋਂ, ਗੇਜ ਪਾਰਕ (Gage Park) ਚਿੰਗਕੂਜ਼ੀ ਪਾਰਕ (Chinguacousy Park) ਅਤੇ ਮਾਊਂਟ ਪਲੈਜ਼ੈਂਟ (Mount Pleasant) ਆਉਟਡੋਰ ਸਕੇਟਿੰਗ ਰਿੰਕ ਖੁੱਲ੍ਹ ਗਏ ਹਨ। ਗੋਰ ਮੇਡੋਜ਼ ਆਉਟਡੋਰ ਕਵਰਡ ਸਕੇਟਿੰਗ ਰਿੰਕ (Gore Meadows Outdoor Covered Skating Rink) ਦੇ ਖੁੱਲ੍ਹਣ ਦਾ ਸਮਾਂ 23 ਦਸਬੰਰ ਤੈਅ ਕੀਤਾ ਗਿਆ ਹੈ।

ਇਸ ਵੇਲੇ ਸਿਟੀ ਤਿੰਨ ਮੁਫ਼ਤ ਆਉਟਡੋਰ ਆਈਸ ਸਕੇਟਿੰਗ ਰਿੰਕਸ ਦਾ ਸੰਚਾਲਨ ਕਰ ਰਹੀ ਹੈ: ਚਿੰਗਕੂਜ਼ੀ ਪਾਰਕ ਸਕੇਟ ਟ੍ਰੇਲ, ਮਾਊਂਟ ਪਲੈਜ਼ੈਂਟ ਆਉਟਡੋਰ ਸਕੇਟਿੰਗ ਰਿੰਕ ਅਤੇ ਗੇਜ ਪਾਰਕ ਆਉਟਡੋਰ ਸਕੇਟਿੰਗ ਟ੍ਰੇਲ। ਗੋਰ ਮੇਡੋਜ਼ ਆਉਟਡੋਰ ਕਵਰਡ ਸਕੇਟਿੰਗ ਰਿੰਕ ਵਿਖੇ ਫੀਸਾਂ ਲਾਗੂ ਹੁੰਦੀਆਂ ਹਨ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

ਇਨਡੋਰ ਆਈਸ ਰਿੰਕ ਪੂਰਾ ਸਾਲ ਖੁੱਲ੍ਹੇ ਰਹਿੰਦੇ ਹਨ। ਡ੍ਰੌਪ-ਇਨ ਕਾਰਜਕਰਮ ਅਤੇ ਲਰਨ ਟੂ ਸਕੇਟ (Learn to Skate) ਕਲਾਸਾਂ ਸਬੰਧੀ ਜਾਣਕਾਰੀ www.brampton.ca/recreation ਤੇ ਉਪਲਬਧ ਹੈ।

BRAMPTON Flower City
brampton.ca

Service and Information Update

*ਮਾਉਂਟ ਚਿੰਗਕੂਜ਼ੀ: ਸਕੀਇੰਗ, ਸਨੋਬੋਰਡਿੰਗ ਅਤੇ ਟਿਊਬਿੰਗ*

ਕੱਪੜੇ ਪਹਿਨੋ ਅਤੇ ਬ੍ਰੈਂਪਟਨ ਦੀ ਖੁਦ ਦੀ ਸਕੀਇੰਗ, ਸਨੋਬੋਰਡ ਅਤੇ ਟਿਊਬਿੰਗ ਪਹਾੜੀ ਤੇ 27 ਦਸੰਬਰ (ਜੇਕਰ ਮੌਸਮ ਠੀਕ ਰਹੇ) ਤੋਂ ਸ਼ੁਰੂ ਹੋ ਰਹੇ ਸਲੋਪਸ ਦਾ ਮਜ਼ਾ ਲਵੋ। ਸਕੀਇੰਗ ਜਾਂ ਸਨੋਬੋਰਡ ਦੀ ਕਲਾਸ ਦੇ ਨਾਲ ਆਪਣੀ ਕੁਸ਼ਲਤਾਵਾਂ ਨੂੰ ਬਿਹਤਰ ਬਣਾਓ ਅਤੇ ਗਰਮ ਚੈਲੇਟ ਵਿੱਚ ਨਿੱਘੇ ਹੋਵੋ। ਸਕੀਇੰਗ ਚੈਲੇਟ ਵਿੱਚ ਦਾਖ਼ਲ ਹੋਣ ਦਾ ਰਸਤਾ ਸੈਂਟਰਲ ਪਾਰਕ ਡ੍ਰਾਈਵ (Central Park Drive) ਅਤੇ ਬ੍ਰੈਮਲੀ ਰੋਡ (Bramalea Road) ਦੇ ਕੋਨੇ ਤੇ ਸਥਿਤ ਹੈ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

*ਪਾਰਕ ਵਿੱਚ ਕ੍ਰਿਸਮਸ*

ਸ਼ਨੀਵਾਰ, 21 ਦਸੰਬਰ ਨੂੰ, ਪਰਿਵਾਰ ਚਿੰਗਕੂਜ਼ੀ ਪਾਰਕ ਵਿਖੇ ਛੁੱਟੀਆਂ ਦੇ ਮਜ਼ੇਦਾਰ ਦਿਨ ਦਾ ਅਨੰਦ ਮਾਣ ਸਕਦੇ ਹਨ। ਗਤੀਵਿਧੀਆਂ ਵਿੱਚ ਸ਼ਾਮਲ ਹਨ, ਸੈਂਟਾ ਨਾਲ ਬ੍ਰੇਕਫਾਸਟ, ਜਿੰਜਰਬ੍ਰੈੱਡ ਘਰ ਬਣਾਉਣਾ ਅਤੇ ਬਿਸਕੁਟਾਂ ਦੀ ਸਜਾਵਟ। ਚੋਣਵੀਆਂ ਗਤੀਵਿਧੀਆਂ ਲਈ ਰਜਿਸਟਰੇਸ਼ਨ ਲੋੜੀਂਦੀ ਹੈ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

**ਬ੍ਰੈਂਪਟਨ ਐਨੀਮਲ ਸਰਵਿਸਿਜ**

ਛੁੱਟੀਆਂ ਦੇ ਇਸ ਸੀਜਨ ਵਿੱਚ ਲੋੜਵੰਦ ਜਾਨਵਰਾਂ ਲਈ ਕੁਝ ਕਰਨ ਤੇ ਵਿਚਾਰ ਕਰੋ! ਜੋ ਲੋਕ ਸ਼ੈਲਟਰ ਵਿੱਚ ਪਾਲਤੂ ਜਾਨਵਰਾਂ ਲਈ ਖਿਡੌਣੇ ਜਾਂ ਹੋਰ ਸਮਾਨ ਦਾਨ ਕਰਨਾ ਚਾਹੁੰਦੇ ਹਨ, ਉਹ ਇੱਥੇ (here) ਬ੍ਰੈਂਪਟਨ ਐਨੀਮਲ ਸਰਵਿਸਿਜ਼ (Brampton Animal Services) ਦੀ ਐਮਾਜ਼ੋਨ ਵਿਸ਼ ਲਿਸਟ (Amazon Wish List) ਦੇਖ ਸਕਦੇ ਹਨ। ਕੋਈ ਵੀ ਐਮਰਜੈਂਸੀ ਸਥਿਤੀਆਂ ਵਿੱਚ ਲਾਵਾਰਸ ਪਾਲਤੂ ਜਾਨਵਰਾਂ ਦੀ ਮਦਦ ਕਰਨ ਲਈ (ਹੋਪ) ਫੰਡ (Helping Orphaned Pets in Emergencies (HOPE) Fund) ਦੇ ਸਹਿਯੋਗ ਲਈ ਵਿੱਤੀ ਦਾਨ ਵੀ ਕਰ ਸਕਦਾ ਹੈ। ਇਹ ਫੰਡ ਬੀਮਾਰ ਅਤੇ ਜ਼ਖਮੀ ਜਾਨਵਰਾਂ ਲਈ ਐਮਰਜੈਂਸੀ ਵਿੱਚ ਮੈਡੀਕਲ ਦੇਖਭਾਲ ਮੁਹੱਈਆ ਕਰਦਾ ਹੈ, ਤਾਂ ਜੋ ਉਹਨਾਂ ਨੂੰ ਪਿਆਰ ਮਿਲਣ ਵਾਲੇ ਘਰਾਂ ਵਿੱਚ ਗੋਦ ਲਿਆ ਜਾ ਸਕੇ। ਹੋਪ ਵਿੱਚ ਦਾਨ ਕੀਤਾ ਜਾਣ ਵਾਲਾ ਇੱਕ-ਇੱਕ ਪੈਸਾ ਸਿੱਧੇ ਜਾਨਵਰਾਂ ਦੀ ਦੇਖਭਾਲ ਵਿੱਚ ਜਾਂਦਾ ਹੈ। ਹੋਰ ਜਾਣੋ ਅਤੇ ਇੱਥੇ (here) ਔਨਲਾਈਨ ਦਾਨ ਕਰੋ।

**ਬ੍ਰੈਂਪਟਨ ਨਵੇਂ ਸਾਲ ਦੀ ਸ਼ਾਮ 2020**

ਬ੍ਰੈਂਪਟਨ ਦੇ ਨਵੇਂ ਸਾਲ ਦੀ ਸ਼ਾਮ ਦੀਆਂ ਗਤੀਵਿਧੀਆਂ ਲਈ, ਮੰਗਲਵਾਰ, 31 ਦਸੰਬਰ, 2019 ਨੂੰ ਗਾਰਡਨ ਸਕਵੇਅਰ (Garden Square) ਵਿੱਚ ਸਾਡੇ ਨਾਲ ਸ਼ਾਮਲ ਹੋਵੋ! ਡੀ.ਜੇ. ਫਿਜ਼ਾ (DJ Fizza) ਰਾਤ ਨੂੰ 8 ਵਜੇ ਕੇ.ਆਈ.ਐਸ.ਐਸ. 92.5 (KISS 92.5) ਦੇ ਮੇਜ਼ਬਾਨ ਸ਼ੈਮ (Shem) ਦੇ ਨਾਲ ਕਾਰਜਕਰਮ ਦੀ ਸ਼ੁਰੂਆਤ ਕਰੇਗੀ। ਉਹਨਾਂ ਲਈ ਪਟਾਕਿਆਂ ਦਾ ਪਹਿਲਾ ਸ਼ੋ ਰਾਤ ਨੂੰ 9 ਵਜੇ ਹੋਵੇਗਾ, ਜੋ ਜਲਦੀ ਨਵੇਂ ਸਾਲ ਦੀ ਸ਼ੁਰੂਆਤ ਕਰਨਾ ਚਾਹੁੰਦੇ ਹਨ। ਲਾਈਵ ਮਨੋਰੰਜਨ, 90 ਦੇ ਦਹਾਕੇ ਦੇ ਕਲਾਸਿਕ ਵਿੱਚ ਮੁਹਾਰਤ ਵਾਲੇ, ਟੋਰੋਂਟੋ ਦੇ ਪ੍ਰੀਮੀਅਰ ਹਿਪ-ਹੋਪ (Hip-Hop) ਅਤੇ ਆਰ ਐਂਡ ਬੀ (R&B) ਕਵਰ ਬੈਂਡ, ਵਿੰਗ ਨਾਈਟ (Wing Night) ਦੇ ਨਾਲ ਰਾਤ 9:15 ਵਜੇ ਜਾਰੀ ਰਹੇਗਾ। ਜੂਨੋ (JUNO) ਅਵਾਰਡ-ਜੇਤੂ ਬੈਂਡ ਅਤੇ ਬ੍ਰੈਂਪਟਨ ਦੇ ਨਵੇਂ ਸਾਲ 2020 ਤੋਂ ਪਹਿਲਾਂ ਦੀ ਸ਼ਾਮ ਦੇ ਮੁੱਖ ਪ੍ਰਦਰਸ਼ਕ ਮੈਜਿਕ! (MAGIC!) ਰਾਤ 11 ਵਜੇ ਤੋਂ ਪਹਿਲਾਂ ਮੰਚ ਤੇ ਆਉਣਗੇ। ਉਹ ਲੋਕਾਂ ਦੀ ਨਵੇਂ ਸਾਲ ਦੀ ਉਲਟੀ ਗਿਣਤੀ ਦੀ ਅਗਵਾਈ ਕਰਨਗੇ ਅਤੇ ਅੱਧੀ ਰਾਤ ਤੱਕ ਪਟਾਕਿਆਂ ਦਾ ਦੂਜਾ ਡਿਸਪਲੇ ਪੇਸ਼ ਕਰਨਗੇ।

ਸਿਟੀ ਹਾਲ ਐਟਰੀਅਮ ਵਿੱਚ ਬੱਚਿਆਂ ਦੀ ਡਾਂਸ ਪਾਰਟੀ, ਜਾਦੂ ਦੇ ਸ਼ੋ, ਕ੍ਰਾਫਟ ਅਤੇ ਫੋਟੋ ਖਿਚਵਾਉਣ ਦੇ ਵਿਕਲਪਾਂ ਦੇ ਨਾਲ ਪਰਿਵਾਰ-ਅਨੁਕੂਲਿਤ ਮਨੋਰੰਜਨ ਸਿਟੀ ਹਾਲ ਵਿਖੇ ਸ਼ਾਮ 6:30 ਤੋਂ ਰਾਤ 9 ਵਜੇ ਤੱਕ ਹੋਵੇਗਾ।

ਹੋਰ ਜਾਣਕਾਰੀ ਇੱਥੇ(here) ਉਪਲਬਧ ਹੈ।

BRAMPTON Flower City brampton.ca

Service and Information Update

**ਪਟਾਕੇ**

ਨਵੇਂ ਸਾਲ ਦੀ ਸ਼ਾਮ ਸਾਲ ਵਿੱਚ ਮਨਜ਼ੂਰੀ ਪ੍ਰਾਪਤ ਉਹਨਾਂ ਚਾਰ ਦਿਨਾਂ ਵਿੱਚੋਂ ਇੱਕ ਹੈ, ਜਦੋਂ ਨਿੱਜੀ ਪ੍ਰਾਪਰਟੀ ਤੇ, ਪਰਮਿਟ ਦੀ ਲੋੜ ਦੇ ਬਿਨਾਂ ਛੋਟੀ-ਰੇਂਜ਼ ਦੇ ਪਟਾਕਿਆਂ ਦੀ ਇਜਾਜ਼ਤ ਹੁੰਦੀ ਹੈ। ਛੋਟੀ-ਰੇਂਜ ਵਾਲੇ ਪਟਾਕੇ ਉਹ ਹੁੰਦੇ ਹਨ, ਜੋ ਚਲਾਏ ਜਾਣ ਤੇ ਤਿੰਨ ਮੀਟਰ (10 ਫੁੱਟ) ਤੋਂ ਘੱਟ ਦੂਰ ਤੱਕ ਜਾਂਦੇ ਹਨ (ਉਦਾਹਰਨ ਲਈ ਅਨਾਰ, ਚੱਕਰ, ਜ਼ਮੀਨੀ ਚੱਕਰ, ਫੁਲਝੜੀਆਂ)। ਹੋਰ ਸਾਰੇ ਰਾੱਕੇਟ ਕਿਸਮ ਦੇ ਪਟਾਕਿਆਂ ਤੇ ਬ੍ਰੈਂਪਟਨ ਵਿੱਚ ਪਾਬੰਦੀ ਹੈ। ਸਿਟੀ, ਨਿਵਾਸੀਆਂ ਨੂੰ ਯਾਦ ਕਰਵਾਉਂਦੀ ਹੈ ਕਿ ਪਟਾਕਿਆਂ ਨੂੰ ਗਲੀ, ਪਗਡੰਡੀਆਂ ਤੇ, ਸਿਟੀ ਪਾਰਕਾਂ ਦੇ ਅੰਦਰ ਜਾਂ ਮਿਉਨਿਸਿਪਲ ਜਾਂ ਸਕੂਲ ਦੀਆਂ ਪ੍ਰਾਪਰਟੀਆਂ ਤੇ ਚਲਾਉਣ ਦੀ ਇਜਾਜ਼ਤ ਨਹੀਂ ਹੈ। ਹੋਰ ਜਾਣਕਾਰੀ ਲਈ, www.brampton.ca ਤੇ ਜਾਓ

ਆਪਣੀ ਪ੍ਰਾਪਰਟੀ ਤੇ ਛੋਟੀ-ਰੇਂਜ਼ ਦੇ ਪਟਾਕੇ ਚਲਾਉਂਦੇ ਸਮੇਂ, ਤੁਹਾਡੇ ਲਈ ਇਹਨਾਂ ਸੁਰੱਖਿਆ ਸਾਵਧਾਨੀਆਂ ਦੀ ਪਾਲਣਾ ਕਰਨੀ ਲਾਜ਼ਮੀ ਹੈ:

- ਤੁਹਾਡੇ ਕੋਲ ਲਾਜ਼ਮੀ ਤੌਰ ਤੇ ਪਾਣੀ ਦਾ ਕੰਟੇਨਰ ਜਾਂ ਪਾਣੀ ਨਾਲ ਭਰੀ ਕੋਈ ਹੋਜ਼ ਲਾਈਨ ਹੋਣੀ ਚਾਹੀਦੀ ਹੈ, ਜੋ ਪਟਾਕੇ ਬੁਝਾਉਣ ਲਈ ਉਪਲਬਧ ਹੋਵੇ
- ਤੁਹਾਨੂੰ ਫੁਲਝੜੀ ਨੂੰ ਛੱਡ ਕੇ, ਕਦੇ ਵੀ ਕਿਸੇ ਹੋਰ ਪਟਾਕੇ ਨੂੰ ਹੱਥ ਵਿੱਚ ਨਹੀਂ ਫੜਨਾ ਚਾਹੀਦਾ ਅਤੇ ਨਾ ਹੀ ਪਟਾਕੇ ਨੂੰ ਹੱਥ ਵਿੱਚ ਫੜ੍ਹ ਕੇ ਅੱਗ ਲਾਉਣੀ ਚਾਹੀਦੀ ਹੈ
- ਫੁਲਝੜੀਆਂ ਚਲਾਉਣ ਤੋਂ ਬਾਅਦ, ਉਹਨਾਂ ਨੂੰ ਸੁੱਟਣ ਤੋਂ ਪਹਿਲਾਂ ਪੂਰੀ ਤਰ੍ਹਾਂ ਠੰਡਾ ਹੋਣ ਦੇਣ ਲਈ ਪਾਣੀ ਦੇ ਕੰਟੇਨਰ ਵਿੱਚ ਪਾ ਦਿਓ
- ਸਾਰੇ ਪਟਾਕਿਆਂ ਨੂੰ ਸੁੱਟਣ ਤੋਂ ਪਹਿਲਾਂ ਪੂਰੀ ਤਰ੍ਹਾਂ ਠੰਡਾ ਹੋਣ ਦਿਓ

**ਨਿਊ ਯੀਅਰਸ ਲੇਵੀ (ਨਵੇਂ ਸਾਲ ਦੀ ਮੁਲਾਕਾਤ)**

ਵੀਰਵਾਰ, 2 ਜਨਵਰੀ, 2020 ਨੂੰ ਸਿਟੀ ਹਾਲ (City Hall) ਵਿਖੇ ਐਟਰੀਅਮ ਵਿੱਚ ਸ਼ਾਮ 4 ਤੋਂ 7 ਵਜੇ ਤੱਕ, ਇਸ ਜਸ਼ਨ ਵਾਲੇ ਰਿਸੈਪਸ਼ਨ ਵਿੱਚ ਲੰਮੀ ਪਰੰਪਰਾ ਦਾ ਹਿੱਸਾ ਬਣੋ! ਸ਼ਾਮਲ ਹੋਣ ਵਾਲਿਆਂ ਕੋਲ ਮੇਅਰ ਅਤੇ ਕਾਉਂਸਿਲ ਦੇ ਮੈਂਬਰਾਂ ਨੂੰ ਮਿਲਣ, ਮੇਅਰ ਨਾਲ ਫੋਟੋ ਖਿਚਵਾਉਣ ਅਤੇ ਹਲਕੇ ਨਾਸ਼ਤੇ ਦਾ ਅਨੰਦ ਮਾਣਨ ਦਾ ਮੌਕਾ ਹੋਵੇਗਾ।

ਹੋਰ ਜਾਣਕਾਰੀ ਇੱਥੇ (here) ਉਪਲਬਧ ਹੈ।

-30-


**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਉਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca

M
M
C
S
C
9